# ਨਗਰ ਨਿਗਮ, ਜਲੰਧਰ

**ਪਾਣੀ/ਸੀਵਰ/ਦੋਵੇਂ ਦੇ ਕੁਨੈਕਸ਼ਨ ਲੈਣ ਲਈ ਬਿਨੈਪੱਤਰ ਅਤੇ ਇਕਰਾਰਨਾਮਾ ਫਾਰਮ**

ਸੇਵਾ ਵਿਖੇ

ਸਹਾਇਕ ਇੰਜੀਨੀਅਰ/ਕਾਰਪੋਰੇਸ਼ਨ ਇੰਜੀਨੀਅਰ
ਨਗਰ ਨਿਗਮ, ਜਲੰਧਰ।

1. ਖਪਤਕਾਰ ਦਾ ਨਾਮ.......................................................

2. ਪਿਤਾ/ਪਤੀ ਦਾ ਨਾਮ......................................................

3. ਕੁਨੈਕਸ਼ਨ ਲਏ ਜਾਣ ਵਾਲੀ ਜਗ੍ਹਾ ਦਾ ਪਤਾ...............................

..............................................................................

............................................(ਪਿੰਨ ਕੋਡ.....................)

4. ਪ੍ਰਾਪਰਟੀ ਦਾ ਰਕਬਾ (ਵਰਗ ਫੁੱਟ ਵਿੱਚ)..................................

4. ਬਿਜਲੀ ਬਿੱਲ ਖਾਤਾ ਨੰ....................................................

5. ਮੋਬਾਇਲ ਨੰ.................................................................

ਈ-ਮੇਲ....................................................................

6. ਆਧਾਰ ਕਾਰਡ ਨੰਬਰ.....................................................

**ਕੁਨੈਕਸ਼ਨ ਟਾਈਪ**

1. ਘਰੇਲੂ.................
2. ਵਪਾਰਕ..............(ਪ੍ਰਾਪਰਟੀ ਵਿੱਚ ਕੀਤੇ ਜਾ ਰਹੇ ਕੰਮ ਦਾ ਵੇਰਵਾ......................................)

ਬਿਨੈਕਾਰ ਦੇ ਹਸਤਾਖਰ

## ਸਵੈ ਘੋਸ਼ਣਾ

ਮੈਂ............................................... ਪੁੱਤਰ/ਪੁੱਤਰੀ ਸ਼੍ਰੀ.............................................. ਵਾਸੀ...............................................ਦਾ/ਦੀ ਰਹਿਣ ਵਾਲਾ/ਵਾਲੀ ਹਾਂ ਅਤੇ ਨਗਰ ਨਿਗਮ, ਜਲੰਧਰ ਪਾਸੋਂ ਪਾਣੀ/ਸੀਵਰੇਜ਼ ਦਾ ਨਵਾਂ ਵਪਾਰਕ....................../ਘਰੇਲੂ...................... ਕੁਨੈਕਸ਼ਨ ਉਪਰੋਕਤ ਦਰਸਾਏ ਪਤੇ ਤੇ ਲੈਣਾ ਚਾਹੁੰਦਾ/ਚਾਹੁੰਦੀ ਹਾਂ। ਜਿਸ ਲਈ ਮੈ ਹੇਠ ਲਿਖੇ ਅਨੁਸਾਰ ਘੋਸ਼ਣਾ ਕਰਦਾ/ਕਰਦੀ ਹਾਂ :-

1. ਮੇਰੀ ਇਸ ਪ੍ਰਾਪਰਟੀ/ਜਗ੍ਹਾ ਨਗਰ ਨਿਗਮ ਜਾਂ ਸਰਕਾਰ ਦੀ ਨਹੀਂ ਹੈ। ਇਹ ਮੇਰੀ ਨਿੱਜੀ ਪ੍ਰਾਪਰਟੀ ਹੈ। ਮੈਂ ਇਸ ਪ੍ਰਾਪਰਟੀ ਦਾ ਮਾਲਕ/ਕਾਬਜ ਹਾਂ ਅਤੇ ਇਸ ਪ੍ਰਾਪਰਟੀ ਦੇ ਮਲਕੀਤੀ ਦੇ ਸਬੰਧ ਵਿੱਚ ਮੇਰਾ ਕਿਸੇ ਵਿਅਕਤੀ ਜਾਂ ਕੋਰਟ ਵਿੱਚ ਕੋਈ ਝਗੜਾ/ਕੇਸ ਲੰਬਿਤ ਨਹੀਂ ਹੈ। ਜੇਕਰ ਮੇਰੀ ਮਾਲਕੀ ਬਾਰੇ ਕੋਈ ਇਤਰਾਜ ਕਰੇਗਾ ਤਾਂ ਮੈਂ ਖੁਦ ਜਿੰਮੇਵਾਰ ਹੋਵਾਂਗਾ/ਹੋਵਾਂਗੀ ਅਤੇ ਨਗਰ ਨਿਗਮ, ਜਲੰਧਰ ਨੂੰ ਪਾਰਟੀ ਨਹੀਂ ਬਣਾਵਾਂਗਾ/ਬਣਾਵਾਂਗੀ।

2. ਮੈਨੂੰ ਉਪਰੋਕਤ ਪ੍ਰਾਪਰਟੀ ਵਿੱਚ ਪਾਣੀ ਅਤੇ ਸੀਵਰੇਜ਼ ਦਾ ਵਪਾਰਕ ਕੁਨੈਕਸ਼ਨ ਜਾਰੀ ਕੀਤਾ ਜਾਵੇ ਜਿਸ ਵਿੱਚ ਮੈਂ..........................................ਦਾ ਕੰਮ ਕਰਦਾ/ਕਰਦੀ ਹਾਂ।

3. ਇਸ ਥਾਂ ਦਾ ਕੁੱਲ ਰਕਬਾ ਮਰਲੇ/ਸਕੇਅਰ ਫੁੱਟ.......................................ਹੈ।

4. ਮੈਂ ਨਗਰ ਨਿਗਮ ਦੇ ਸਾਰੇ ਨਿਯਮਾਂ ਦਾ ਪਾਲਣਾ ਕਰਾਂਗਾਂ/ਕਰਾਂਗੀ ਅਤੇ ਭਵਿੱਖ ਵਿੱਚ ਵੀ ਸਰਕਾਰ ਵਲੋਂ ਜਾਂ ਨਗਰ ਨਿਗਮ ਵਲੋਂ ਕੋਈ ਵੀ ਨਵੇਂ ਨਿਯਮ ਬਣਾਏ ਜਾਣਗੇ ਜਾਂ ਪਹਿਲਾਂ ਤੋਂ ਬਣੇ ਨਿਯਮਾਂ ਵਿੱਚ ਸੋਧ ਕੀਤੀ ਜਾਵੇਗਾ ਤਾਂ ਮੈਂ ਉਸਦੀ ਪਾਲਣਾ ਕਰਾਂਗਾ/ਕਰਾਂਗੀ।

5. ਮੈਂ ਸਮੇਂ ਸਿਰ ਨਗਰ ਨਿਗਮ ਵਲੋਂ ਜਾਰੀ ਬਿੱਲ ਦੀ ਅਦਾਇਗੀ ਕਰਾਂਗਾ/ਕਰਾਂਗੀ ਅਤੇ ਜੇਕਰ 3 ਮਹੀਨੇ ਦਾ ਸਮਾਂ ਪੂਰਾ ਹੋਣ ਤੇ ਮੈਨੂੰ ਬਿੱਲ ਨਹੀਂ ਮਿਲਦਾ ਤਾਂ ਮੈਂ ਨਿੱਜੀ ਤੌਰ ਤੇ ਨਗਰ ਨਿਗਮ ਵਿੱਚ ਹਾਜ਼ਰ ਹੋ ਕੇ ਇਸ ਬਾਰੇ ਜਾਣਕਾਰੀ ਦੇਵਾਂਗਾ/ਦੇਵਾਂਗੀ ਅਤੇ ਬਣਦੀ ਰਕਮ ਤੁਰੰਤ ਜਮ੍ਹਾਂ ਕਰਾਂਗਾ/ਕਰਾਂਗੇ।

6. ਨਗਰ ਨਿਗਮ ਨੂੰ ਇਹ ਹੱਕ ਹੋਵੇਗਾ ਕਿ ਜੇਕਰ ਮੇਰੇ ਵਲੋਂ ਬਿੱਲ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਜਾਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਕਿਸੇ ਵੀ ਤਰ੍ਹਾਂ ਨਾਲ ਦੁਰਉਪਯੋਗ ਕੀਤਾ ਜਾਂਦਾ ਹੈ ਜਾਂ ਇਸ ਸੇਵਾ ਨੂੰ ਕਿਸੇ ਹੋਰ ਨੂੰ ਸਬਲੈਟ ਕੀਤਾ ਜਾਂਦਾ ਹੈ ਜਾਂ ਪ੍ਰਵਾਨ ਕੀਤੀ ਗਈ ਕੈਟਾਗਿਰੀ ਨੂੰ ਨਿਗਮ ਨੂੰ ਬਿਨਾਂ ਕਿਸੇ ਜਾਣਕਾਰੀ ਜਾਂ ਪ੍ਰਵਾਨਗੀ ਤੋਂ ਬਦਲਿਆ ਜਾਂਦਾ ਤਾਂ ਤਾਂ ਨਿਗਮ ਨੋਟਿਸ ਦੇ ਕੇ ਜਾਂ ਬਗੈਰ ਨੋਟਿਸ ਤੋਂ ਮੇਰਾ ਪਾਣੀ/ਸੀਵਰੇਜ਼ ਦਾ ਜੋੜ ਬੰਦ ਕਰ ਸਕਦੀ ਹੈ ਜਾਂ ਮੁਨਾਸਿਬ ਕਾਰਵਾਈ ਕਰ ਸਕਦੀ ਹੈ।

7. ਉਪਰੋਕਤ ਪ੍ਰਾਪਰਟੀ ਵਿੱਚ ਸਾਡੇ ਕੋਲ ਪਹਿਲਾਂ ਕੋਈ ਪਾਣੀ/ਸੀਵਰੇਜ਼ ਦਾ ਜੋੜ ਨਹੀਂ ਹੈ। ਜੇਕਰ ਇਸ ਪ੍ਰਾਪਰਟੀ ਵਿੱਚ ਪਾਣੀ/ਸੀਵਰੇਜ਼ ਦਾ ਕੋਈ ਬਕਾਇਆ ਹੋਇਆ ਤਾਂ ਮੈਂ ਉਸਦੀ ਅਦਾਇਗੀ ਕਰਾਂਗਾ/ਕਰਾਂਗੀ।

8. ਨਗਰ ਨਿਗਮ ਵਲੋਂ ਜੋ ਇਹ ਕੁਨੈਕਸ਼ਨ ਮੇਰੇ ਨਾਮ ਤੇ ਪ੍ਰਵਾਨ ਕੀਤਾ ਜਾਵੇਗਾ ਉਹ ਮੈਨੂੰ ਉਕਤ ਪ੍ਰਾਪਰਟੀ ਤੇ ਮਲਕੀਤੀ ਦਾ ਅਧਿਕਾਰ ਨਹੀਂ ਦਿੰਦਾ ਹੈ। ਇਸਦਾ ਸਬੰਧ ਸਿਰਫ ਵਾਟਰ ਸਪਲਾਈ ਦੇ ਯੂਜਰ ਚਾਰਜਿਜ ਜਮ੍ਹਾਂ ਕਰਵਾਉਣ ਨਾਲ ਹੈ।

9. ਇਸ ਪ੍ਰਾਪਰਟੀ ਦਾ ਬਿਜਲੀ ਦਾ ਕੁਨੈਕਸ਼ਨ ਵੀ ਮੇਰੇ ਨਾਮ ਤੇ ਪਾਸ ਹੈ। ਜਿਸਦਾ ਨੰਬਰ..............................ਹੈ (ਬਿੱਲ ਦੀ ਕਾਪੀ ਨਾਲ ਨੱਥੀ ਹੈ)।

10. ਮੈਂ ਇਸ ਕੁਨੈਕਸ਼ਨ ਦੀ ਪ੍ਰਵਾਨਗੀ ਦੀ ਰਸੀਦ ਜਾਂ ਭਵਿੱਖ ਵਿੱਚ ਜਾਰੀ ਹੋਣ ਵਾਲੇ ਬਿੱਲ ਨੂੰ ਮਲਕੀਤੀ ਦੇ ਸਬੂਤ ਵਜੋਂ ਨਹੀਂ ਵਰਤਾਂਗਾ/ਵਰਤਾਂਗੀ ਕਿਉਂ ਜ਼ੋ ਮੈਂ ਜਾਣਦਾ/ਜਾਣਦੀ ਹਾਂ ਕਿ ਮੇਰੇ ਨਾਮ ਤੇ ਪ੍ਰਵਾਨ ਹੋਇਆ ਇਹ ਕੁਨੈਕਸ਼ਨ ਮੈਨੂੰ ਇਸ ਪ੍ਰਾਪਰਟੀ ਤੇ ਮਲਕੀਤੀ ਦਾ ਅਧਿਕਾਰ ਨਹੀਂ ਦਿੰਦਾ ਹੈ।

11. ਮੈਂ ਇਸ ਪਾਣੀ/ਸੀਵਰੇਜ਼ ਦੇ ਕੁਨੈਕਸ਼ਨ ਨੂੰ ਪ੍ਰਵਾਨ ਹੋਣ ਉਪਰੰਤ ਨਗਰ ਨਿਗਮ ਦੇ ਮੰਨਜ਼ੂਰਸ਼ੁਦਾ ਪਲੰਬਰ ਤੋਂ ਨਿਯਮਾਂ ਅਨੁਸਾਰ ਲਗਵਾਵਾਂਗਾ।

12. ਮੈਂ ਨਗਰ ਨਿਗਮ ਦੀ ਕਿਸੇ ਵੀ ਸ਼ਾਖਾ ਦਾ ਡਿਫਾਲਟਰ ਨਹੀਂ ਹਾਂ।

13. ਜੇਕਰ ਭਵਿੱਖ ਵਿੱਚ ਮੈਨੂੰ ਇਸ ਪ੍ਰਵਾਨ ਕੀਤੇ ਗਏ ਕੁਨੈਕਸ਼ਨ ਦੀ ਲੋੜ ਨਹੀਂ ਹੋਵੇਗੀ ਤਾਂ ਇਹ ਮੇਰੀ ਨਿੱਜੀ ਜਿੰਮੇਵਾਰੀ ਹੋਵੇਗੀ ਕਿ ਨਿਗਮ ਨੂੰ ਲਿਖਤੀ ਰੂਪ ਵਿੱਚ ਇਸ ਬਾਰੇ ਸੂਚਿਤ ਕਰਾਂਗਾ/ਕਰਾਂਗੀ ਅਤੇ ਬਣਦੀ ਫੀਸ ਅਤੇ ਉਸ ਸਮੇਂ ਤੱਕ ਦੇ ਯੂਜ਼ਰ ਚਾਰਜਿਜ ਜਮ੍ਹਾਂ ਕਰਵਾਉਣ ਉਪਰੰਤ ਨਗਰ ਨਿਗਮ ਦੇ ਮੰਨਜੂਰਸ਼ੁਦਾ ਪਲੰਬਰ ਤੋਂ ਕੁਨੈਕਸ਼ਨ ਕਟਵਾਉਣ ਅਤੇ ਬਣਦੀ ਫੀਸ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵਾਂਗਾ/ਹੋਵਾਂਗੀ ਅਤੇ ਨਗਰ ਨਿਗਮ ਕੋਲੋਂ ਡਿਸਕੁਨੈਕਸ਼ਨ ਦੀ ਰਸੀਦ ਜ਼ੋ ਵੀ ਫੀਸ ਲਾਗੂ ਹੋਵੇਗੀ ਜਮ੍ਹਾਂ ਕਰਵਾ ਕੇ ਕੁਨੈਕਸ਼ਨ ਬੰਦ ਕਰਵਾਂਵਾਗਾ/ਕਰਵਾਵਾਂਗੀ।

14. ਮੈਂ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਨਗਰ ਨਿਗਮ ਵਲੋਂ ਜਾਰੀ ਇਸ ਕੁਨੈਕਸ਼ਨ ਅਤੇ ਪਾਣੀ ਨੂੰ ਕਿਸੇ ਵੀ ਤਰ੍ਹਾਂ ਦੀ ਉਸਾਰੀ ਲਈ ਨਹੀਂ ਵਰਤਾਂਗਾ ਅਤੇ ਪਾਣੀ ਨੂੰ ਸਿਰਫ ਪੀਣ ਲਈ ਹੀ ਵਰਤਾਂਗਾ/ਵਰਤਾਂਗੀ।

15. ਮੈਂ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਨਗਰ ਨਿਗਮ ਵਲੋਂ ਜਾਰੀ ਹਦਾਇਤਾਂ/ਨਿਯਮਾਂ ਅਤੇ ਜੇਕਰ ਭਵਿੱਖ ਵਿੱਚ ਵੀ ਕੋਈ ਹਦਾਇਤਾਂ/ਨਿਯਮ/ਨੋਟੀਫਿਕੇਸ਼ਨ ਆਦਿ ਜਾਰੀ ਹੋਣਗੀਆਂ ਤਾਂ ਮੈਂ ਉਨ੍ਹਾਂ ਦੀ ਇੰਨ ਬਿੰਨ ਪਾਲਣਾ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ।

16. ਮੈਂ ਉਕਤ ਕੁਨੈਕਸ਼ਨ ਪ੍ਰਵਾਨ ਕਰਨ ਲਈ ਨਗਰ ਨਿਗਮ ਨੂੰ ਜੋ ਦਸਤਾਵੇਜ਼ ਜਾਂ ਨਿੱਜੀ ਜਾਣਕਾਰੀ ਦੇ ਰਿਹਾ/ਰਹੀ ਹਾਂ, ਉਹ ਬਿਨਾਂ ਮੇਰੀ ਸਹਿਮਤੀ/ਇਜ਼ਾਜ਼ਤ ਤੋਂ ਕਿਸੇ ਵਿਅਕਤੀ ਜਾਂ ਅਦਾਰੇ ਨਾਲ ਸਾਂਝਾ ਨਾ ਕੀਤਾ ਜਾਵੇ।

ਬਿਨੈਕਾਰ ਦੇ ਹਸਤਾਖਰ

ਤਸਦੀਕ:

ਮੈਂ................................................ ਪੁੱਤਰ/ਪੁੱਤਰੀ ਸ਼੍ਰੀ............................................... ਵਾਸੀ................................................ਦਾ/ਦੀ ਰਹਿਣ ਵਾਲਾ/ਵਾਲੀ ਹਾਂ ਅਤੇ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰਾ ਉਪਰੋਕਤ ਦਿੱਤਾ ਸਵੈ-ਘੋਸ਼ਣਾ ਸਹੀ ਵ ਦਰੁਸਤ ਹੈ। ਇਸ ਵਿੱਚ ਕੁੱਝ ਵੀ ਲੁਕਾਇਆ ਜਾਂ ਛੁਪਾਇਆ ਨਹੀਂ ਗਿਆ ਹੈ। ਜੇਕਰ ਇਸ ਵਿੱਚ ਕੁੱਝ ਵੀ ਗਲਤ ਪਾਇਆ ਜਾਂਦਾ ਹੈ ਤਾਂ ਮੈਂ ਕਾਨੂੰਨ ਅਧੀਨ ਸਜ਼ਾ ਦਾ/ਦੀ ਭਾਗੀਦਾਰ ਹੋਵਾਂਗਾ/ਹੋਵਾਂਗੀ।

ਬਿਨੈਕਾਰ ਦੇ ਹਸਤਾਖਰ